# G4 Ministerial Joint Press Statement

September 23, 2020

……………………………………………………………………………………………………

## G-4 ਮੰਤਰੀ ਪੱਧਰ ਦਾ ਸੰਯੁਕਤ ਪ੍ਰੈਸ ਬਿਆਨ

23 ਸਤੰਬਰ, 2020

1. 23 ਸਤੰਬਰ, 2020 ਨੂੰ G -4 ਦੇਸ਼ਾਂ ਦੇ ਵਿਦੇਸ਼ ਮੰਤਰੀਆਂ - ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਅਰਨੇਸਟੋ ਅਰੇਜੋ, ਭਾਰਤੀ ਵਿਦੇਸ਼ ਮੰਤਰੀ ਮਹਾਮਹਿਮ ਡਾ. ਸੁਬ੍ਰਹਮਣਯਮ ਜੈਸ਼ੰਕਰ, ਜਾਪਾਨੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਮੋਤੇਗੀ ਤੋਸ਼ੀਮਿਤਸੂ ਅਤੇ ਜਰਮਨ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਹੀਕੋ ਮਾਸ ਵੱਲੋਂ ਸੰਘੀ ਵਿਦੇਸ਼ ਦਫਤਰ ਵਿਖੇ ਰਾਜ ਮੰਤਰੀ ਮਹਾਮਹਿਮ ਨੀਲਜ਼ ਅੰਨੇਨ ਨੇ ਸੰਯੁਕਤ ਰਾਸ਼ਟਰ ਮਹਾਂਸਭਾ ਦੇ 75ਵੇਂ ਸਤਰ ਦੌਰਾਨ ਵਰਚੁਅਲ ਮਾਧਿਅਮ ਰਾਹੀਂ ਮੁਲਾਕਾਤ ਕੀਤੀ।

2. "ਅੱਜ ਦੀ ਦੁਨੀਆਂ ਉਸ ਸਮੇਂ ਨਾਲੋਂ ਬਹੁਤ ਵੱਖ ਹੈ, ਜੋ 75 ਸਾਲ ਪਹਿਲਾਂ ਸੰਯੁਕਤ ਰਾਸ਼ਟਰ ਦੀ ਸਿਰਜਣਾ ਸਮੇਂ ਹੁੰਦੀ ਸੀ। ਹੁਣ ਬਹੁਤ ਸਾਰੇ ਦੇਸ਼ ਹੋ ਗਏ ਹਨ, ਜ਼ਿਆਦਾ ਲੋਕ ਹਨ, ਵਧੇਰੇ ਚੁਣੌਤੀਆਂ ਹਨ ਪਰ ਹੱਲ ਵੀ ਵਧੇਰੇ ਹਨ। ਸਾਡੇ ਕੰਮ ਕਰਨ ਦੇ ਤਰੀਕਿਆਂ ਨੂੰ ਵੀ ਬਦਲਣ ਅਤੇ ਢਾਲਣ ਦੀ ਲੋੜ ਹੈ। (…) ਅਸੀਂ ਸੰਯੁਕਤ ਰਾਸ਼ਟਰ ਦੇ ਤਿੰਨ ਪ੍ਰਮੁੱਖ ਅੰਗਾਂ ਵਿੱਚ ਸੁਧਾਰ ਲਿਆਉਣ ਦੀ ਆਪਣੀ ਮੰਗ ਦੁਹਰਾਉਂਦੇ ਹਾਂ। ਅਸੀਂ ਸੁਰੱਖਿਆ ਪਰਿਸ਼ਦ ਅੰਦਰ ਸੁਧਾਰ ਲਿਆਉਣ ਬਾਰੇ ਵਿਚਾਰ ਵਟਾਂਦਰੇ ਵਿੱਚ ਨਵੀਂ ਜਾਣ ਫੂਕਣ ਪ੍ਰਤੀ ਵਚਨਬੱਧ ਹਾਂ। "

ਸਾਰੇ ਦੇਸ਼ਾਂ ਅਤੇ ਸਰਕਾਰਾਂ ਵੱਲੋਂ ਹੁਣੇ-ਹੁਣੇ ਅੰਗੀਕਾਰ ਕੀਤੇ ਗਏ ਇਸ ਐਲਾਨ ਅੰਦਰ ਇਹ ਸ਼ਬਦ ਸੁਰੱਖਿਆ ਪਰਿਸ਼ਦ ਅੰਦਰ ਛੇਤੀ ਅਤੇ ਵਿਆਪਕ ਸੁਧਾਰ ਲਿਆਉਣ ਦੀ ਦਿਸ਼ਾ ਵੱਲ ਆਖਰਕਾਰ ਫੈਸਲਾਕੁੰਨ ਕਦਮ ਚੁੱਕਣ ਦੀ ਸਾਡੇ ਸਾਂਝੇ ਇਰਾਦੇ ਦੀ ਤਸਦੀਕ ਕਰਦੇ ਹਨ, ਜਿਸਦੀ ਕਲਪਨਾ ਕੌਮਾਂਤਰੀ ਸ਼ਿਖਰ ਸੰਮੇਲਨ 2005 ਅੰਦਰ ਦੇਸ਼ਾਂ ਅਤੇ ਸਰਕਾਰਾਂ ਦੇ ਮੁਖੀਆਵਾਂ ਨੇ ਕੀਤੀ ਸੀ।

3. ਇਸ ਮੰਗ ਦੇ ਮੁਤਾਬਿਕ G -4 ਮੰਤਰੀਆਂ ਨੇ ਸਮਕਾਲੀ ਹਕੀਕਤਾਂ ਨੂੰ ਬਿਹਤਰ ਢੰਗ ਨਾਲ ਦਰਸਾਉਣ ਵਾਸਤੇ ਸੰਯੁਕਤ ਰਾਸ਼ਟਰ ਅੰਦਰ ਸੁਧਾਰ ਲਿਆਉਣ ਅਤੇ ਇਸ ਦੇ ਮੁੱਖ ਫੈਸਲੇ ਲੈਣ ਵਾਲੇ ਸੰਗਠਨਾਂ ਨੂੰ ਅਪਡੇਟ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। G -4 ਮੰਤਰੀਆਂ ਨੇ ਇਸ ਪ੍ਰਕਿਰਿਆ ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ 'ਤੇ ਨਿਰਾਸ਼ਾ ਪ੍ਰਗਟ ਕੀਤੀ ਅਤੇ ਸੰਯੁਕਤ ਰਾਸ਼ਟਰ ਦੀ ਇਸ 75ਵੀਂ ਵਰ੍ਹੇਗੰਢ ਦੇ ਮੌਕੇ ਇਸ ਮੁੱਦੇ ਨਾਲ ਸਾਰਥਕ ਢੰਗ ਅਤੇ ਵਧੇਰੇ ਉਤਸ਼ਾਹ ਨਾਲ ਨਜਿੱਠਣ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟਾਈ।

ਸੁਰੱਖਿਆ ਪਰਿਸ਼ਦ ਅੰਦਰ ਸੁਧਾਰ ਲਿਆਉਣ ਦੇ ਹਿੱਸੇ ਵਜੋਂ ਦੋਵਾਂ ਸ਼੍ਰੇਣੀਆਂ ਵਿੱਚ ਸੁਰੱਖਿਆ ਪਰਿਸ਼ਦ ਦਾ ਵਿਸਥਾਰ ਕਰਨਾ ਇਸ ਸੰਸਥਾ ਵਿੱਚ ਵਧੇਰੇ ਪ੍ਰਤੀਨਿਧਤਾ, ਵੈਧਤਾ ਅਤੇ ਪ੍ਰਭਾਵ ਕੁਸ਼ਲਤਾ ਲਿਆਉਣ ਲਈ ਲਾਜ਼ਮੀ ਹੋਵੇਗਾ, ਜਿਸ ਨਾਲ ਅੱਜ ਦੁਨੀਆਂ ਦੀ ਕੌਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਬਾਰੇ ਦਰਪੇਸ਼ ਗੁੰਝਲਦਾਰ ਚੁਣੌਤੀਆਂ ਨਾਲ ਨਜਿੱਠਣ ਦੀ ਸਮਰੱਥਾ ਵਧੇਗੀ। ਅਸੀਂ ਸੁਰੱਖਿਆ ਪਰਿਸ਼ਦ ਅੰਦਰ ਸੁਧਾਰ ਲਿਆਉਣ ਵਿੱਚ ਸਫਲ ਹੋ ਕੇ ਹੀ ਇਸਨੂੰ ਗੈਰ-ਪ੍ਰਸੰਗਕ ਬਣਨ ਤੋਂ ਰੋਕ ਸਕਦੇ ਹਾਂ। ਅਫਰੀਕਾ ਸਮੇਤ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖਣ ਵਿੱਚ ਯੋਗਦਾਨ ਪਾਉਣ ਵਾਲੇ ਦੇਸ਼ਾਂ ਦੀ ਵਧਦੀ ਨੁਮਾਇੰਦਗੀ ਨਾਲ ਸੁਰੱਖਿਆ ਪਰਿਸ਼ਦ ਦੀ ਵਿਆਪਕ ਸਦੱਸਤਾ ਇਸ ਨੂੰ ਆਪਣੀ ਭਰੋਸੇਯੋਗਤਾ ਬਰਕਰਾਰ ਰੱਖਣ ਅਤੇ ਅੱਜ ਦੇ ਅੰਤਰਰਾਸ਼ਟਰੀ ਸੰਕਟਾਂ ਦਾ ਸ਼ਾਂਤੀਪੂਰਨ ਹੱਲ ਕੱਢਣ ਲਈ ਲੋੜੀਂਦੀ ਰਾਜਨੀਤਿਕ ਹਮਾਇਤ ਪੈਦਾ ਕਰਨ ਦੇ ਕਾਬਲ ਬਨਾਵੇਗੀ।

5. G-4 ਮੰਤਰੀਆਂ ਨੇ ਸੁਰੱਖਿਆ ਪਰਿਸ਼ਦ ਦੇ ਸੁਧਾਰਾਂ ਬਾਰੇ ਅੰਤਰ-ਸਰਕਾਰੀ ਗੱਲਬਾਤ (IGN) ਵਿਚ ਕੋਈ ਹੋਰ ਤਰੱਕੀ ਨਾ ਹੋਣ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ ਅਤੇ ਆਪਣਾ ਖਦਸ਼ਾ ਜ਼ਾਹਰ ਕੀਤਾ ਕਿ ਫਰਵਰੀ ਅਤੇ ਮਾਰਚ ਵਿੱਚ ਹੋਏ ਦੋ ਸਤਰਾਂ ਤੋਂ ਬਾਅਦ

COVID -19 ਕਾਰਨ IGN ਮੁਲਤਵੀ ਕਰ ਦਿੱਤੀ ਗਈ ਸੀ ਅਤੇ ਇਸ ਤੋਂ ਬਾਅਦ ਕੋਈ ਹੋਰ ਬੈਠਕ ਨਹੀਂ ਹੋਈ। ਹਾਲਾਂਕਿ ਪਿਛਲੇ ਸਤਰ ਵਿੱਚ ਵਰਚੁਅਲ ਮੀਟਿੰਗਾਂ ਜਾਂ ਲਿਖਤੀ ਪ੍ਰਕਿਰਿਆ ਰਾਹੀਂ ਕੁਝ ਤਰੱਕੀ ਹੋ ਸਕਦੀ ਸੀ।

6. ਇਸ ਤਰੱਕੀ ਵਿੱਚ ਐਜ਼ੁਲਵਿਨੀ ਐਲਾਨਨਾਮੇ ਅਤੇ ਸਿਰਟੇ ਐਲਾਨਨਾਮੇ ਅੰਦਰਲੇ ਸਾਂਝੇ ਅਫਰੀਕੀ ਨਜ਼ਰੀਏ ਦਾ ਪ੍ਰਤੀਬਿੰਬ ਵੀ ਸ਼ਾਮਲ ਹੋਣਾ ਚਾਹੀਦਾ ਸੀ। ਹਾਲੀਆ ਸਤਰ ਨੇ ਫਿਰ ਇਹ ਗੱਲ ਸਾਬਤ ਕਰ ਦਿੱਤੀ ਕਿ IGN ਅੰਦਰ ਲੋੜੀਂਦੀ ਖੁੱਲ੍ਹ ਅਤੇ ਪਾਰਦਰਸ਼ਤਾ ਦੀ ਘਾਟ ਹੈ ਅਤੇ ਇਹ ਕਮਜ਼ੋਰ ਕਾਰਜ ਪ੍ਰਣਾਲੀਆਂ ਤੋਂ ਪੀੜਤ ਹੈ। IGN ਨੂੰ ਸੰਯੁਕਤ ਰਾਸ਼ਟਰ  ਚਾਰਟਰ ਅਤੇ ਮਹਾਂਸਭਾ ਦੇ ਨਿਯਮਾਂ ਅਤੇ ਪ੍ਰਕਿਰਿਆਵਾਂ ਵਿਚ ਫੈਸਲੇ ਲੈਣ ਦੀਆਂ ਲੋੜਾਂ ਅਤੇ ਕਾਰਜ ਪ੍ਰਣਾਲੀਆਂ ਤੋਂ ਸੇਧ ਦਿੱਤੀ ਜਾਣੀ ਚਾਹੀਦੀ ਹੈ।

7. G-4 ਮੰਤਰੀਆਂ ਨੂੰ ਪੂਰਾ ਯਕੀਨ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅੰਤਰ-ਸਰਕਾਰੀ ਪਰਿਪੱਖ ਅੰਦਰ ਸਿਰਫ਼ ਸਧਾਰਣ ਬਿਆਨਾਂ 'ਤੇ ਆਧਾਰਤ ਬਹਿਸਾਂ ਛੱਡ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦੀ ਤਹਿ ਵਿੱਚ ਕੋਈ ਲਿਖਤ-ਅਧਾਰਤ ਗੱਲਬਾਤ ਨਾ ਹੋਵੇ। ਸਯੁੰਕਤ ਰਾਸ਼ਟਰ ਦੇ ਮੈਂਬਰਾਂ ਦੀ ਬਹੁਤ ਵੱਡੀ ਤਾਦਾਦ ਸੁੱਰਖਿਆ ਪਰਿਸ਼ਦ ਅੰਦਰ ਵਿਆਪਕ ਸੁਧਾਰਾਂ ਦਾ ਪੁਰਜ਼ੋਰ ਸਮਰਥਨ ਕਰਦੀ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ IGN ਸੰਯੁਕਤ ਰਾਸ਼ਟਰ ਦੀ 75ਵੀਂ ਵਰੇਗੰਢ ਵਾਲੇ ਸਾਲ ਵਿੱਚ ਠੋਸ ਨਤੀਜੇ ਕੱਢੇਗੀ। IGN ਨੂੰ ਮੌਜੂਦਾ ਸਤਰ ਪਿਛਲੇ ਸਤਰ ਦੀ ਲਗਾਤਾਰਤਾ ਵਜੋਂ ਸ਼ੁਰੂ ਕਰਨਾ ਚਾਹੀਦਾ ਹੈ।

8. ਕੌਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖਣ ਦੇ ਸੰਬੰਧ ਵਿਚ ਵੱਡੀਆਂ ਜ਼ਿੰਮੇਵਾਰੀਆਂ ਲੈਣ ਦੀ ਉਨ੍ਹਾਂ ਦੀ ਇੱਛਾ ਅਤੇ ਯੋਗਤਾ ਦੇ ਮੱਦੇਨਜ਼ਰ G-4 ਮੰਤਰੀਆਂ ਨੇ ਸੁਧਰੀ ਹੋਈ ਸੁਰੱਖਿਆ ਪਰਿਸ਼ਦ ਵਿੱਚ ਨਵੇਂ ਸਥਾਈ ਮੈਂਬਰਾਂ ਦੇ ਤੌਰ 'ਤੇ ਇਕ-ਦੂਜੇ ਦੀ ਉਮੀਦਵਾਰੀ ਪ੍ਰਤੀ ਆਪਣਾ ਸਮਰਥਨ ਦੁਹਰਾਇਆ। ਪਰਿਸ਼ਦ ਨੂੰ ਵਧੇਰੇ ਵੈਧ, ਕਾਰਗਰ ਅਤੇ ਪ੍ਰਤੀਨਿਧਤਾ- ਪੂਰਨ ਬਣਾਉਣ ਲਈ ਵਿਕਾਸਸ਼ੀਲ ਦੇਸ਼ਾਂ ਅਤੇ ਸੰਯੁਕਤ ਰਾਸ਼ਟਰ ਵਿੱਚ ਪ੍ਰਮੁੱਖ ਯੋਗਦਾਨ ਦੇਣ ਵਾਲਿਆਂ ਦੀ ਵਧਦੀ ਭੂਮਿਕਾ ਦੀ ਲੋੜ ਸਪਸ਼ਟ ਹੈ। ਸੁਰੱਖਿਆ ਪਰਿਸ਼ਦ ਅੰਦਰ ਅਫਰੀਕਾ ਦੀ ਘੱਟ ਨੁਮਾਇੰਦਗੀ ਬਾਰੇ ਇਸ ਮਹਾਂਦ੍ਵੀਪ ਨਾਲ ਹੋਈ ਇਤਿਹਾਸਕ ਬੇਇਨਸਾਫੀ ਨੂੰ ਦਰੁਸਤ ਕਰਨ ਲਈ ਸੁਧਰੀ ਅਤੇ ਵੱਡੀ ਸੁਰੱਖਿਆ ਪਰਿਸ਼ਦ ਅੰਦਰ ਸਥਾਈ ਅਤੇ ਗੈਰ-ਸਥਾਈ, ਦੋਨਾਂ ਵਰਗਾਂ ਵਿੱਚ ਇਸਨੂੰ ਨੁਮਾਇੰਦਗੀ ਦੇਣ ਦੀ ਲੋੜ ਹੈ। ਲੋੜ ਹੈ ਪ੍ਰਤੀਨਿਧ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਜੋ ਕੌਮਾਂਤਰੀ ਭਾਈਵਾਲੀ ਅਤੇ ਕੌਮਾਂਤਰੀ ਸ਼ਾਸਨ ਵਿੱਚ ਸਾਡਾ ਭਰੋਸਾ ਬਹਾਲ ਕਰਨ ਵਿੱਚ ਮਦਦ ਦੇ ਸਕੇ - ਇਸ ਔਖੀ ਘੜੀ ਵਿੱਚ ਇਹ ਪਹਿਲਾਂ ਨਾਲੋਂ ਵੀ ਵੱਧ ਲੋੜੀਂਦਾ ਹੈ।

9. G -4 ਹੋਰ ਸੁਧਾਰਵਾਦੀ ਸੋਚ ਵਾਲੇ ਮੁਲਕਾਂ ਅਤੇ ਸਮੂਹਾਂ ਨਾਲ ਆਪਣਾ ਸੰਵਾਦ ਜਾਰੀ ਰੱਖੇਗਾ ਅਤੇ ਬਿਨਾਂ ਕੋਈ ਦੇਰ ਕੀਤੇ ਲਿਖਤ-ਅਧਾਰਤ ਗੱਲਬਾਤ ਦੀ ਸ਼ੁਰੂਆਤ ਕਰੇਗਾ। ਮੰਤਰੀਆਂ ਨੇ ਮਹਾਂਸਭਾ ਦੇ 75ਵੇਂ ਸਤਰ ਦੌਰਾਨ ਠੋਸ ਸਿੱਟੇ ਲੈਣ ਪ੍ਰਤੀ ਆਪਣੀ ਦ੍ਰਿੜਤਾ ਜ਼ਾਹਰ ਕੀਤੀ ਅਤੇ ਆਪਣੇ ਵਫਦਾਂ ਨੂੰ ਮਹਾਂਸਭਾ ਦੇ ਪ੍ਰਧਾਨ ਵੱਲੋਂ ਸੁਰੱਖਿਆ ਪਰਿਸ਼ਦ ਵਿੱਚ ਛੇਤੀ ਸੁਧਾਰ ਲਿਆਉਣ ਦੀਆਂ ਕੋਸ਼ਿਸ਼ਾਂ ਨੂੰ ਸਮਰਥਨ ਦੇਣ ਦੀ ਹਿਦਾਯਤ ਦਿੱਤੀ। ਸਾਨੂੰ ਇਕੱਠੇ ਮਿਲਜੁਲ ਕੇ ਮਜ਼ਬੂਤ ਅਤੇ ਵੈਧ ਸੰਯੁਕਤ ਰਾਸ਼ਟਰ ਦੀ ਪ੍ਰਾਪਤੀ ਲਈ ਕੰਮ ਕਰਨ ਦੀ ਲੋੜ ਹੈ।

ਨਵੀਂ ਦਿੱਲੀ
23 ਸਿਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.